**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਐੱਸ.ਪੀ. ਗੋਇਲ (9820239110)
2- ਸੀ, ਸਰਾਬਾ ਨਗਰ ,ਨਵ ਦੁਰਗਾ
ਮੰਦਰ/ ਗੁਰੂਦਵਾਰਾ ਰੋਡ, ਲੁਧਿਆਣਾ । ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪੰਜਾਬ ਸਮਾਲ ਸਕੇਲ ਇੰਡਸਟਰੀਜ ਐਂਡ ਐਕਸਪੋਰਟ
ਕਾਰਪੋਰੇਸ਼ਨ ਲਿਮਿਟਿਡ ਸੈਕਟਰ 17,ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 610/2019**

**ਹਾਜ਼ਰ:-**

1) ਸ੍ਰਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸੁਰੇਸ਼ ਕੁਮਾਰ, ਐਸ.ਓ. 9463490629

**ਹੁੱਕਮ:**

ਸ੍ਰਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 24-05-2019, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬ ਸਮਾਲ ਸਕੇਲ ਇੰਡਸਟਰੀਜ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਸੈਕਟਰ 17,ਚੰਡੀਗੜ੍ਹ, ਨੂੰ ਪੇਸ਼ ਕੀਤਾ ਸੀ, ਜਿਸ ਰਾਹੀਂ ਉਸ ਨੇ ਪ੍ਰਾਪਰਟੀ ਨੰ: ਬੀ-49, ਫੋਕਲ ਪੁਆਇੰਟ, ਲੁਧਿਆਣਾ ਦੇ ਵਿਰੁੱਧ ਰੁ: 2,73,31,160/- ਦੀ ਡਿਮਾਂਡ ਨਾਲ ਸਬੰਧਤ ਇੰਨਕਮ ਟੈਕਸ ਵਿਭਾਗ ਦੇ ਪੱਤਰ ਨੰ: 414 ਮਿਤੀ 28-03-2019 ਨਾਲ ਸਬੰਧਤ 10 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 09-7-2019 ਨੂੰ ਕਮਿਸ੍ਰਨ ਕੋਲ ਸ੍ਰਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 22-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-09-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਇਸ ਉਪਰੰਤ ਇਹ ਕੇਸ ਮਿਤੀ 15-10-2019 ਅਤੇ ਮਿਤੀ 05/11/2019 ਨੂੰ ਹੋਈ ਕਾਰਵਾਈ ਉਪਰੰਤ ਅਗਲੀ ਮਿਤੀ 26-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸੀ ਦੀ ਮਿਤੀ 26-11-2019 ਨੂੰ ਸ੍ਰਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 21-11-2019 ਰਾਹੀਂ ਪ੍ਰਾਪਤ ਹੋਈ ਸੂਚਨਾ ਵਿਚ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਸਮੂਹ ਧਿਰਾਂ ਦੇ ਨਾਲ ਨਾਲ ਕਮਿਸ੍ਰਨ ਨੂੰ ਵੀ ਲਿਖਿਆ ਗਿਆ ਸੀ। ਜਿਸ ਸਬੰਧੀ ਤਰੁੱਟੀਆਂ ਦਾ ਪੱਤਰ ਮਿਤੀ 21-11-2019 ਮਿਤੀ 22-11-2019 ਨੂੰ ਪ੍ਰਾਪਤ ਹੋ ਚੁੱਕਾ ਸੀ ਜ਼ੋ ਮਿਸਲ ਤੇ ਉਪਲਭਧ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ। ਪਰ ਉਨ੍ਹਾਂ ਵਲੋਂ ਆਪਣੇ ਪੱਤਰ ਨੰ: ਪੀ.ਐਸ.ਆਈ.ਈ.ਸੀ./ਆਰ.ਟੀ.ਆਈ./ਪੀ.ਆਈ.ਓ./36900 ਮਿਤੀ 25-11-2019 ਰਾਹੀਂ ਦਸਿਆ ਗਿਆ ਕਿ ਸ੍ਰਿਕਾਇਕਰਤਾ ਨੂੰ ਪੱਤਰ ਨੰ: ਪੀ.ਐਸ.ਆਈ.ਈ.ਸੀ./ਈ.ਓ./698 ਮਿਤੀ 22-11-2019 ਅਨੁਸਾਰ ਭੇਜ਼ ਦਿੱਤੀ ਗਈ ਸੀ।। ਦੋਨਾਂ ਧਿਰਾਂ ਵਲੋ ਉਕਤ ਅਨੁਸਾਰ ਆਪਣੇ ਆਪਣੇ ਪੱਤਰਾਂ ਰਾਹੀਂ ਦਸੀ ਗਈ ਸਥਿਤੀ ਦੇ ਸਨਮੁੱਖ ਸਿਕਾਇਤਕਰਤਾ ਵਲੋਂ ਉੱਤਰਦਾਤਾ ਨੂੰ ਤਰੁੱਟੀਆਂ ਭੇਜੀਆਂ ਗਈਆਂ ਸਨ । ਇਸ ਦੇ ਨਾਲ ਹੀ ਉੱਤਰਦਾਤਾ ਵਲੋਂ ਵੀ ਆਪਣੇ ਪੱਤਰ ਮਿਤੀ 22-11-2019 ਰਾਹੀਂ ਸ੍ਰਿਕਾਇਤਕਰਤਾ ਨੂੰ ਸੂਚਨਾ ਭੇਜ਼ ਦਿੱਤੀ ਗਈ ਸੀ। ਪਰ ਸ੍ਰਿਕਾਇਤਕਰਤਾ ਦੇ ਉਕਤ ਪੱਤਰ ਮਿਤੀ 21-11-2019 ਰਾਹੀਂ ਭੇਜੀਆਂ ਤਰੁੱਟੀਆਂ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ੍ਰਿਕਾਇਤਕਰਤਾ ਵਲੋਂ ਪ੍ਰਾਪਤ ਤਰੁੱਟੀਆਂ ਦੂਰ ਕਰਦੇ ਹੋਏ ਸ੍ਰਿਕਾਇਤਕਰਤਾ ਨੂੰ ਸਿੱਧੇ ਤੌਰ ਤੇ ਭੇਜਦੇ ਹੋਏ ਕਮਿਸ੍ਰਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਸ੍ਰਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 17-12-2019 ਅਤੇ ਪੱਤਰ ਮਿਤੀ 06-12-2019 ਰਾਹੀਂ ਮੁੜ ਬੇਨਤੀ ਕੀਤੀ ਗਈ ਹੈ ਕਿ ਉਸ ਦੀ ਸੁਣਵਾਈ ਵੀਡੀਓ ਕਾਂਨਫਰੰਸ ਰਾਹੀਂ ਕੀਤੀ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਸ੍ਰੀ ਸੁਰੇਸ਼ ਕੁਮਾਰ, ਐਸ.ਓ. ਹਾਜ਼ਰ ਹੋਏ ਉਨ੍ਹਾਂ ਵਲੋਂ ਦਸਿਆ ਗਿਆ ਕਿ ਸ੍ਰਿਕਾਇਤਕਰਤਾ ਨੂੰ ਪਹਿਲਾਂ ਹੀ ਸਾਰੀ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਸਬੰਧ ਵਿਚ ਉਨ੍ਹਾਂ ਵਲੋਂ ਪੱਤਰ ਨੰ: ਪੀ.ਐਸ.ਆਈ.ਈ.ਸੀ./ਅਸਟੈਟ/39801 ਮਿਤੀ 18-12-2019ਪੇਸ਼ ਕੀਤਾ ਗਿਆ ਜੋ ਰਿਕਾਰਡ ਤੇ ਰੱਖ ਲਿਆ ਗਿਆ ਹੈ।

5. ਸ੍ਰਿਕਾਇਤਕਰਤਾ ਵਲੋ ਈ.ਮੇਲ ਅਤੇ ਆਪਣੇ ਪੱਤਰ ਮਿਤੀ 06-12-2019 ਰਾਹੀਂ ਮੁੜ ਬੇਨਤੀ ਕੀਤੀ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ: 610/2019**

ਗਈ ਹੈ ਕਿ ਉਹ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਵੀਡੀਓ ਕਾਨਫਰੰਸ ਰਾਹੀਂ ਸੁਣਵਾਈ ਕੀਤੀ ਜਾਵੇ। ਜਦੋਂ ਕਿ ਇਸ ਮਾਮਲੇ ਸਬੰਧੀ ਉੱਤਰਦਾਤਾ ਧਿਰ ਵਲੋਂ ਸ਼ਿਕਾਇਤਕਰਤਾ ਨੂੰ ਉਸ ਵਲੋਂ ਮੰਗੀ ਗਈ ਸੂਚਨਾ ਦੇ ਨਾਲ ਨਾਲ ਈ.ਮੇਲ.ਮਿਤੀ 03-11-2019 ਰਾਹੀਂ ਭੇਜੀਆਂ ਤਰੁੱਟੀਆਂ ਸਬੰਧੀ ਆਪਣਾ ਜਵਾਬ ਸਪਸ਼ੱਟੀਕਰਨ ਪੱਤਰ ਨੰ: ਪੀ.ਐਸ.ਆਈ.ਈ.ਸੀ./ਆਰ.ਟੀ.ਆਈ./ਪੀ.ਆਈ.ਓ./36900 ਮਿਤੀ 25-11-2019 ਜੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਸ਼ਿਕਾਇਤਕਰਤਾ ਨੂੰ ਉੱਤਾਰਾ ਭੇਜਿਆ ਗਿਆ ਹੈ ਰਾਹੀਂ ਦੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਅੱਜ ਪੇਸ਼ੀ ਦੋਰਾਨ ਪੱਤਰ ਨੰ: ਪੀ.ਐਸ.ਆਈ.ਈ.ਸੀ./ਆਰ.ਟੀ.ਆਈ./ਪੀ.ਆਈ.ਓ./39801 ਮਿਤੀ 18-12-2019 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਵਿਸਥਾਰ ਪੂਰਵਕ ਦਸਿਆ ਗਿਆ ਕਿ ਸਿਕਾਇਤਰਕਤਾ ਦੀ ਅਰਜੀ ਕਮਿਸ਼ਨ ਵਲੋਂ ਭੇਜੀ ਗਈ ਸੀ ਜਿਸ ਤੇ ਅਸਟੇਟ ਵਿੰਗ ਨੂੰ ਮਿਤੀ 13-09-2019 ਭੇਜੀ ਗਈ ਸੀ ਅਤੇ ਉਨ੍ਹਾਂ ਵਲੋਂ ਆਪਣੇ ਪੱਤਰ ਨ: 581 ਮਿਤੀ 09-10-2019 ਰਾਹੀਂ ਉਪਲਭਧ ਜਾਣਕਾਰੀ ਭੇਜ ਦਿੱਤੀ ਗਈ ਸੀ ਜੋ ਸ਼ਿਕਾਇਤਕਰਤਾ ਨੂੰ ਬਾਕੀ ਦੀ ਸੂਚਨਾ ਸਹਿਤ ਪੱਤਰ ਨੰ: ਪੀ.ਐਸ.ਆਈ. ਈ.ਸੀ./ਆਰ.ਟੀ.ਆਈ./ਪੀ.ਆਈ.ਓ./31616 ਮਿਤੀ 14-10-2019 ਰਾਹੀਂ ਮੁਹੱਈਆ ਕਰਵਾ ਦਿੱਤੀ ਗਈ ਸੀ। ਇਸ ਤਰ੍ਹਾਂ ਜਾਣਕਾਰੀ ਸਮੇਂ ਸਿਰ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਲੀਗਲ ਨੋਟਿਸ ਮਿਤੀ 11-10-2019 ਦਾ ਜਵਾਬ ਵੀ ਪੱਤਰ ਨੰ: 35480 ਮਿਤੀ 13-11-2019 ਰਾਹੀਂ ਭੇਜਿਆ ਜਾ ਚੁੱਕਾ ਹੈ। ਇਸ ਤਰ੍ਹਾਂ ਸ਼ਿਕਾਇਤਕਰਤਾ ਨੂੰ ਸਾਰੀ ਜਾਣਕਾਰੀ ਮੁਹੱਈਆ ਕਰਵਾਈ ਜਾ ਚੁੱਕੀ ਹੈ।ਉਨ੍ਹਾਂ ਵਲੋਂ ਇਹ ਵੀ ਦਸਿਆ ਗਿਆ ਇਨਕਮ ਟੈਕਸ ਵਿਭਾਗ ਵਲੋਂ ਉਸਦੀ ਜਾਇਦਾਦ ਪਹਿਲਾਂ ਹੀ ਅਟੈਚ ਕੀਤੀ ਜਾ ਚੁੱਕੀ ਹੈ ਜਿਸ ਸਬੰਧੀ ਅਜੀਤ ਪੰਜਾਬੀ ਮਿਤੀ 18-12-2019 ਵਿਚ ਛਪੇ ਇਸਤਿਹਾਰ ਅਨੁਸਾਰ ਬੋਲੀ ਦਾ ਨੋਟਿਸ ਵੀ ਦਿੱਤਾ ਗਿਆ ਹੈ। ਇਸ ਤਰ੍ਹਾਂ ਉੱਤਰਦਾਤਾ ਵਿਭਾਗ ਵਲੋਂ ਸ਼ਿਕਾਇਤਕਰਤਾ ਨੂੰ ਸਾਰੀ ਜਾਣਕਾਰੀ ਮੁਹੱਈਆ ਕਰਵਾਈ ਜਾ ਚੁੱਕੀ ਹੈ, ਲੀਗਲ ਨੋਟਿਸ ਅਤੇ ਤਰੁੱਟੀਆਂ ਸਬੰਧੀ ਵੀ ਆਪਣਾ ਸਪਸ਼ੱਟੀਕਰਨ ਭੇਜਿਆ ਜਾ ਚੁੱਕਾ ਹੈ। ਪਰ ਸ਼ਿਕਾਇਤਕਰਤਾ ਅੱਜੇ ਵੀ ਉੱਤਰਦਾਤਾ ਵਲੋਂ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਨਹੀਂ ਹੈ ਅਤੇ ਵੀਡੀਓ ਕਾਨਫਰੰਸ ਦੀ ਮੰਗ ਕਰ ਰਿਹਾ ਹੈ ਜਦੋਂ ਕਿ ਇਹ ਮਾਮਲਾ ਵੀਡੀਓ ਕਾਨਫਰੰਸ ਰਾਹੀਂ ਸੁਲਝਣ ਵਾਲਾ ਨਹੀਂ ਹੈ ਅਤੇ ਰੁਵਰੂਹ ਹੋ ਕੇ ਆਹਮਣੇ ਸਾਹਮਣੇ ਹੀ ਨਿਪਟਾਇਆ ਜਾ ਸਕਦਾ ਹੈ। ਇਸ ਲਈ ਇਹ ਸ਼ਿਕਾਇਤ ਕੇਸ **ਅਗਲੀ ਸੁਣਵਾਈ ਲਈ ਮਿਤੀ 22-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 18 ਦਸੰਬਰ 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਹਰਧੀਰ ਸਿੰਘ 9216165508
ਮਕਾਨ ਨੰ: 508 ਫੇਸ 9 ਮੁਹਾਲੀ । ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਰਿਜਨਲ ਟਰਾਂਸਪੋਰਟ ਅਥਾਰਟੀ, ਜੰਲਧਰ।
ਪਹਿਲੀ ਅਪੀਲੀ ਅਥਾਰਟੀ,
ਪੰਜਾਬ ਸਟੇਟ ਟਰਾਂਸਪੋਰਟ ਕਮਿਸ਼ਨਰ ਸੈਕਟਰ 17 ਚੰਡੀਗੜ। -------ਉੱਤਰਦਾਤਾ

**ਅਪੀਲ ਕੇਸ ਨੰ: 3600/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਹਰਧੀਰ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-06-2019, ਲੋਕ ਸੂਚਨਾ ਅਧਿਕਾਰੀ ਰਿਜਨਲ ਟਰਾਂਸਪੋਰਟ ਅਥਾਰਟੀ, ਜੰਲਧਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਸ.ਟੀ.ਸੀ.ਚੰਡੀਗੜ੍ਹ ਤੋਂ ਪੀ.ਏ.ਐਕਸ 7 ਨੰਬਰ ਫੀਅਟ ਗੱਡੀ ਲਈ ਅਲਾਟ ਕਰਵਾਇਆ ਸੀ ਜੋ ਕਿ ਆਰ.ਟੀ.ਏ.ਜਲੰਧਰ ਵਿਚ ਰਜਿਸਟਰ ਸੀ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 25-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 06-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਇਹ ਕੇਸ ਮੁਲਤਬੀ ਕਰਕੇ ਅਗਲੀ ਮਿਤੀ 07-11-2019 ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ 07-11-2019 ਤੇ ਅਪੀਲਕਰਤਾ ਸ੍ਰੀ ਹਰਧੀਰ ਸਿੰਘ ਹਾਜ਼ਰ ਹੋਇਆ ਸੀ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਪਰ ਇਸ ਉਪਰੰਤ ਅਗਲੀ ਪੇਸੀ ਦੀ ਮਿਤੀ 26-11-2019 ਨੂੰ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀ਼ ਹੋਇਆ , ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਤਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ ਹਾਜ਼ਰ ਹੋਇਆ ਸੀ। ਉਸ ਵਲੋਂ ਪੱਤਰ ਨੰ: 8707 /ਆਰ.ਟੀ.ਏ.ਜਲੰਧਰ, ਮਿਤੀ 25-11-2019 ਪੇਸ਼ ਕੀਤਾ ਗਿਆ ਸੀ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਉਕੱਤ ਪੱਤਰ ਮਿਤੀ 25-11-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਨ੍ਹਾਂ ਵਲੋਂ ਦਸਿਆ ਗਿਆ ਕਿ ਮਿਤੀ 26-11-2019 ਸਬੰਧੀ ਨੋਟਿਸ ਮਿਤੀ 25-11-2019 ਨੂੰ ਹੀ ਪ੍ਰਾਪਤ ਹੋਇਆ ਹੈ। ਇਸ ਲਈ ਬੇਨਤੀ ਕੀਤੀ ਗਈ ਸੀ ਕਿ ਅਗਲੀ ਮਿਤੀ ਦਿੱਤੀ ਜਾਵੇ। ਉੱਤਰਦਾਤਾ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਸਵੇਰੇ 11:30 ਵਜੇ ਲਈ_ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਲੋਕ ਸੂਚਨਾ ਅਧਿਕਾਰੀ ਵਲੋਂ ਉਸਨੂੰ ਅਜੇ ਤੱਕ ਕੋਈ ਸੂਚਨਾ ਮੁੱਹਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

5. ਅੱਜ ਪੇਸੀ ਤੇ ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਅੱਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਪਿਛਲੀ ਮਿਤੀ 26-11-2019 ਨੂੰ ਉੱਤਰਦਾਤਾ ਦਾ ਨੁਮਾਇੰਦਾ ਸ੍ਰੀ ਜਤਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ, ਹਾਜ਼ਰ ਹੋਇਆ ਸੀ ਜਿਸ ਨੂੰ ਆਰ.ਟੀ.ਆਈ. ਅਰਜੀ ਦੀ ਕਾਪੀ ਦੇ ਦਿਤੀ ਗਈ ਸੀ ਇਸ ਲਈ ਉਸਨੂੰ ਅੱਜ ਪੇਸ਼ੀ ਤੇ ਹਾਜ਼ਰ ਹੋਣਾ ਚਾਹੀਦਾ ਸੀ, ਪਰ ਉਹ ਅੱਜ ਹਾਜ਼ਰ ਨਹੀਂ ਹੋਇਆ।ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਮੁਹੱਈਆ ਕਰਵਾ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 18 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜਤਿੰਦਰ ਕੁਮਾਰ, ਮੋ: 98723-24111
ਮਾਰਫਤ ਸੱਚਖੰਡ ਮਿਸ਼ਥਾਨ ਭੰਡਾਰ, ਨਹਿਰੂ ਗੇਟ, ਨਵਾਂਸ਼ਹਿਰ। --------ਅਪੀਲਕਰਤਾ

ਲੋਕ ਸੂਚਨਾ ਅਫਸਰ ਕਮ
ਕਾਰਜ ਸਾਧਕ ਅਫਸਰ, ਨਗਰ ਕੌਸ਼ਲ, ਨਵਾਂਸਹਿਰ।

ਪਹਿਲੀ ਅਪੀਲੀ ਅਥਾਰਟੀ ਕਮ
ਰਿਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਜਲੰਧਰ। ----------ਉੱਤਰਦਾਤਾ

**ਅਪੀਲ ਕੇਸ ਨ: 3644/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਜਤਿੰਦਰ ਕੁਮਾਰ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਯੱਸ਼ਪਾਲ ਖੇਪਰ, ਜੇ.ਈ. (9872491378) ਅਤੇ ਸ੍ਰੀ ਭਾਰਤ ਭੂਸ਼ਨ, ਕਲਰਕ, 9465453614

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2019, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਸ਼ਲ, ਨਵਾਂਸਹਿਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਨਗਰ ਕੌਸਲ ਨਵਾਂਸ਼ਹਿਰ ਵਲੋਂ ਈ.ਟੈਂਡਰਿੰਗ ਪ੍ਰਣਾਲੀ ਰਾਹੀਂ ਵਿਕਾਸ ਦੇ ਕੰਮਾਂ ਦੇ ਟੈਂਡਰਾਂ ਨਾਲ ਸਬੰਧਤ 07 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ ਤੇ ਅਪੀਲਕਰਤਾ ਸ੍ਰੀ ਜਤਿੰਦਰ ਕੁਮਾਰ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਸੀ ਕਿ ਜੋ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਉਹ ਅਧੂਰੀ ਹੈ। ਕੇਵਲ ਇਕ ਨੁਕਤੇ ਸਬੰਧੀ ਸੂਚਨਾ ਦਿੱਤੀ ਗਈ ਹੈ ਬਾਕੀ ਨੁਕਤਿਆਂ ਸਬੰਧੀ ਸੂਚਨਾ ਨਹੀਂ ਦਿੱਤੀ। ਇਸ ਸਬੰਧ ਵਿਚ ਉਸ ਵਲੋ ਆਪਣਾ ਪੱਤਰ ਮਿਤੀ 12-09-2019 ਪੇਸ਼ ਕੀਤਾ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਯਸ਼ਪਾਲ ਖੇਪਰ, ਜੇ.ਈ. ਅਤੇ ਸ੍ਰੀ ਭਾਰਤ ਭੂਸ਼ਣ, ਕਲਰਕ ਹਾਜ਼ਰ ਹੋਏ। ਉਨ੍ਹਾਂ ਵਲੋਂ ਪੱਤਰ ਨੰ: 1914 ਮਿਤੀ 06-09-2019 ਪੇਸ਼ ਕੀਤਾ ਗਿਆ ਜੋ ਅਪੀਲਕਰਤਾ ਨੂੰ ਸੰਬੋਧਤ ਸੀ। ਮਹਿਕਮੇ ਨੇ ਜੋ ਜਾਣਕਾਰੀ ਮਿਤੀ 06-09-2019 ਨੂੰ ਅਪੀਲਕਰਤਾ ਨੂੰ ਭੇਜੀ ਗਈ ਸੀ ਉਹ ਅਪੀਲਕਰਤਾ ਵਲੋਂ ਰਸੀਵ ਕੀਤੀ ਗਈ ਸੀ ਅਤੇ ਅਪੀਲਕਰਤਾ ਵਲੋਂ ਮਿਤੀ 12-09-2019 ਨੂੰ ਇਤਰਾਜ ਦਰਜ ਕਰਵਾਏ ਗਏ ਜੋ ਈ.ਓ. ਸ੍ਰੀ ਰਾਮ ਪ੍ਰਕਾਸ਼ ਵਲੋਂ ਰਸੀਵ ਵੀ ਕੀਤੇ ਗਏ ਸਨ। ਪਰ ਉਨ੍ਹਾਂ ਵਲੋਂ ਹੁਣ ਤੱਕ ਨੋਟ ਕਰਵਾਈਆਂ ਗਈਆਂ ਤਰੁੱਟੀਆਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਵਲੋਂ ਪੱਤਰ ਮਿਤੀ 12-09-2019 ਰਾਹੀਂ ਦਰਜ ਕਰਵਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਸਵੇਰੇ 11-30 ਵਜੇ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਸ੍ਰੀ ਜਤਿੰਦਰ ਕੁਮਾਰ ਹਾਜਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਪੇਸੀ ਤੇ ਹਾਜ਼ਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਯੱਸ਼ਪਾਲ ਖੇਪਰ, ਜੇ.ਈ. ਅਤੇ ਸ੍ਰੀ ਭਾਰਤ ਭੂਸ਼ਨ, ਕਲਰਕ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨਗਰ ਕੌਂਸਲ, ਨਵਾਂਸ਼ਹਿਰ ਵਿਖੇ ਨਿਯੁਕਤ ਸੀ ਅਤੇ ਇਸ ਸਮੇ ਉਸਨੂੰ ਨੋਕਰੀ ਤੋਂ ਬਰਖਾਸਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਵਲੋਂ ਇਹ ਵੀ ਦਸਿਆ ਗਿਆ ਕਿ ਉਪਲਬਧ ਸੂਚਨਾ ਅਪੀਲਕਰਤਾ ਨੂੰ ਮੁੱਹਈਆਂ ਕਰਵਾ ਦਿੱਤੀ ਗਈ ਹੈ ਅਤੇ ਕਮਿਸ਼ਨ ਦੇ ਹੁਕੱਮ ਮਿਤੀ 27-11-2019 ਦੀ ਪਾਲਣਾ ਕਰਦੇ ਹੋਏ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਪੱਤਰ ਨੰ: 2852 ਮਿਤੀ 16-12-2019 ਜੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਮੁੜ ਵਿਸਥਾਰਪੂਰਵਕ ਸਥਿਤੀ ਸਪੱਸ਼ਟ ਕੀਤੀ ਗਈ ਹੈ। ਇਸ ਤੋਂ ਇਲਾਵਾ ਪੱਤਰ ਨੰ: 2851 ਮਿਤੀ 16-12-2019 ਪੇਸ਼ ਕੀਤਾ ਗਿਆ ਜੋ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀਂ ਉਪਲਬਧ ਰਿਕਾਰਡ ਦੇ 24 ਪੰਨਿਆਂ ਦੀਆਂ

ਪਰਤੋ ਜੀ ----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨ:** 3644/2019

ਕਾਪੀਆਂ ਦੇ ਦਿੱਤੀਆਂ ਗਈਆਂ ਹਨ। ਜ਼ੋ ਅਪੀਲਕਰਤਾ ਵਲੋਂ ਪ੍ਰਾਪਤ ਕਰਦੇ ਹੋਏ ਦਸਿਆ ਗਿਆ ਕਿ ਪੰਨੇ ਅਟੈਸਟਡ ਨਹੀ, ਬੈਂਕ ਸਟੇਟਮੈਟ ਪੜ੍ਹਨ ਯੋਗ ਨਹੀ਼ ਅਦਾਲਤ ਵਿਚ ਪੇਸ ਕੀਤੀ ਜਾਣੀ ਹੈ।

5. ਦੋਨਾਂ ਧਿਰਾਂ ਵਲੋਂ ਪੇਸ਼ੀ ਦੋਰਾਨ ਪੇਸ਼ ਕੀਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਦੇ ਨੁੰਮਾਇੰਦਿਆਂ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਜ਼ੋ ਰਿਕਾਰਡ ਵਿਚ ਉਪਲਭਧ ਹੈ ਮੁਹੱਈਆ ਕਰਵਾ ਦਿੱਤੀ ਗਈ ਹੈ ਅਤੇ ਪਾਈਆਂ ਗਈਆਂ ਤਰੁੱਟੀਆਂ ਵੀ ਦੂਰ ਕਰ ਦਿਤੀਆਂ ਗਈਆਂ ਹਨ। ਪਰ ਅਪੀਲਕਰਤਾ ਅੱਜੇ ਵੀ ਮੁਹੱਈਆ ਕਰਵਾਈ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ। ਉੱਤਰਦਾਤਾ ਦੇ ਨੁਮਾਇੰਦਿਆਂ ਦੇ ਦਸੱਣ ਅਨੂਸਾਰ ਅਪੀਲਕਰਤਾ ਇਸੇ ਵਿਭਾਗ ਵਿਚ ਕੰਮ ਕਰਦਾ ਸੀ ਅਤੇ ਇਸ ਸਮੇ ਨੋਕਰੀ ਤੋਂ ਬਰਖਾਸਤ ਕੀਤਾ ਹੋਇਆ ਹੈ। ਇਸ ਲਈ ਉਹ ਵਿਭਾਗ ਨੂੰ ਜਾਣਬੁਝ ਕੇ ਖਰਾਬ ਕਰ ਰਿਹਾ ਹੈ। ਕਮਿਸ਼ਨ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 18 **ਦਸੰਬਰ** , 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਤਿੰਦਰ ਕੁਮਾਰ ਖੈਰਾ ( 78373-82058)
ਮਕਾਨ ਨੰ: 524, ਸੈਕਟਰ 7, ਪੰਚਕੁਲਾ 134109 --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਿਪਟੀ ਕਮਿਸ਼ਨਰ -ਕਮ-
ਕਲੈਕਟਰ ਐਗਰੇਰੀਅਨ, ਮਾਨਸਾ --------ਉੱਤਰਦਾਤਾ

**ਸ਼ਿਕਾਇਤ ਕੇਸ ਨੰ:703/2019**

**ਹਾਜ਼ਰ:-**

1) ਸ਼ਿਕਾਇਤਕਰਤਾ ਸ੍ਰੀ ਸਤਿੰਦਰ ਕੁਮਾਰ ਖੈਰਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਚਰਨ ਸਿਘ ਕਾਨੂਗੋ, ਮਾਨਸਾ (9417682065)।

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 29-03-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਡਿਪਟੀ ਕਮਿਸ਼ਨਰ -ਕਮ-ਕਲੈਕਟਰ ਐਗਰੇਰੀਅਨ, ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬ ਲੈਂਡ ਐਕਟ 1972 ਅਧੀਨ ਸਾਲ 1973 ਤੋਂ ਹੁਣ ਤੱਕ ਸਬ ਡਵੀਜਨ ਅਫਸਰ ( ਪਹਿਲਾਂ ਕੁਲੈਕਟਰ ਐਗਰੇਰੀਅਨ ) ਵਲੋਂ ਯੋਗ ਵਿਅਕਤੀਆਂ ਨੂੰ ਸਰਪਲਸ ਜਮੀਨ ਵੰਡਨ ਸਬੰਧੀ 8 ਨੁਕਤਿਆਂ ਤੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ 08-08-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-09-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 01-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਇਸ ਉਪਰੰਤ ਅਗਲੀ ਮਿਤੀ 17-10-2019, ਮਿਤੀ 06-11-2019 ਨੂੰ ਹੋਈ ਕਾਰਵਾਈ ਉਪਰੰਤ ਅਗਲੀ ਮਿਤੀ 02-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 02-12-2019 ਨੂੰ ਸ਼ਿਕਾਇਤਕਰਤਾ ਸ੍ਰੀ ਸਤਿੰਦਰ ਕੁਮਾਰ ਖੈਰਾ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਉਸਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਿਛਲੀ ਮਿਤੀ 17-10-2019 ਨੂੰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਇਸ ਕੇਸ ਵਿਚ ਹਲਫਿਆ ਬਿਆਨ ਪੇਸ਼ ਕੀਤਾ ਜਾਵੇ। ਇਸ ਉਪਰੰਤ ਮਿਤੀ 06-11-2019 ਨੂੰ ਹਾਜ਼ਰ ਸ੍ਰੀ ਹਰਪਿੰਦਰ ਸਿੰਘ ਕਾਨੂੰਗੋ ਨੂੰ ਕਿਹਾ ਗਿਆ ਸੀ ਰਿਕਾਰਡ ਵਿਖਾਇਆ ਜਾਵੇ। ਪਰ ਅੱਜ ਉਹ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜੇ ਤੱਕ ਹੁਕੱਮਾਂ ਅਨੁਸਾਰ ਹਲਫਿਆ ਬਿਆਨ ਪੇਸ਼ ਕੀਤਾ ਗਿਆ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੰਗਿਆ ਗਿਆ ਰਿਕਾਰਡ ਦਿੱਤਾ ਜਾਵੇ ਅਤੇ ਜੇਕਰ ਰਿਕਾਰਡ ਨਹੀਂ ਮਿਲਿਆ ਤਾਂ ਉਸ ਸਬੰਧੀ ਅਗਲੀ ਮਿਤੀ ਤੇ ਹੁਕੱਮਾਂ ਅਨੁਸਾਰ ਹਲਫਿਆ ਬਿਆਨ ਪੇਸ਼ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਵਿਚ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼ਿਕਾਇਤਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਜਿਹੜੀ ਜਾਣਕਾਰੀ ਉਸਨੂੰ ਪਹਿਲਾਂ ਮੁਹੱਈਆ ਕਰਵਾਈ ਗਈ ਸੀ ਉਸ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਨਹੀਂ ਦਿਤੀ ਗਈ। ਇਸ ਤਰ੍ਹਾਂ ਹੁਣ ਤੱਕ ਜਿਹੜੀ ਜਾਣਕਾਰੀ ਉਸਨੂੰ ਮੁਹੱਈਆ ਕਰਵਾਈ ਗਈ ਹੈ ਉਸਤੋਂ ਉਹ ਸਤੁੰਸ਼ਟ ਨਹੀਂ ਹੈ।

4. ਉੱਤਰਾਦਾਤਾ ਵਲੋਂ ਸ੍ਰੀ ਗੁਰਚਰਨ ਸਿਘ ਕਾਨੂਗੋ, ਮਾਨਸਾ ਹਾਜ਼ਰ ਹੋਇਆ, ਪਰ ਉਪ ਮੰਡਲ ਮੈਜਿਸਟਰੇਟ, ਮਾਨਸਾ ਦਫਤਰ ਤੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਈ.ਮੇਲ ਰਾਹੀਂ ਆਪਣੇ ਪੱਤਰ ਮਿਤੀ 18-12-2019 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਸਬੰਧਤ ਕਲਰਕ ਨੂੰ ਮਾਣਯੋਗ ਅਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ, ਬਰਨਾਲਾ ਜੀ ਦੀ ਅਦਾਲਤ ਵਿਚ ਪਹਿਲਾਂ ਹੀ ਪਾਬੰਦ ਕੀਤਾ ਹੋਇਆ ਹੈ, ਇਸ ਲਈ ਹਾਜ਼ਰੀ ਤੋਂ ਛੋਟ ਦਿੱਤੀ ਜਾਵੇ।

5. ਉੱਤਰਦਾਤਾ ਵਲੋਂ ਸ੍ਰੀ ਗੁਰਚਰਨ ਸਿਘ ਕਾਨੂਗੋ, ਮਾਨਸਾ ਹਾਜ਼ਰ ਹੋਇਆ, ਉਪ ਮੰਡਲ ਮੈਜਿਸਟਰੇਟ, ਮਾਨਸਾ ਦਫਤਰ ਤੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਈ.ਮੇਲ ਰਾਹੀਂ ਆਪਣੇ ਪੱਤਰ ਮਿਤੀ

ਪਰਤੋ ਜੀ ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:703/2019**

18-12-2019 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਸਬੰਧਤ ਕਲਰਕ ਨੂੰ ਮਾਣਯੋਗ ਅਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ, ਬਰਨਾਲਾ ਜੀ ਦੀ ਅਦਾਲਤ ਵਿਚ ਪਹਿਲਾਂ ਹੀ ਪਾਬੰਦ ਕੀਤਾ ਹੋਇਆ ਹੈ, ਇਸ ਲਈ ਹਾਜ਼ਰੀ ਤੋਂ ਛੋਟ ਮੰਗੀ ਗਈ ਹੈ। ਕਮਿਸ਼ਨ ਦੇ ਹੁਕੱਮ ਮਿਤੀ 01-10-2019 ਰਾਹੀਂ ਐਸ.ਡੀ.ਐਮ. ਬੁ੍ਢਲਾਡਾ, ਐਸ.ਡੀ.ਐਮ. ਸਰਦੂਲਗੜ੍ਹ ਅਤੇ ਐਸ.ਡੀ.ਐਮ. ਮਾਨਸਾ ਨੂੰ ਹਦਾਇਤ ਕੀਤੀ ਗਈ ਸੀ ਕਿ ਹਲਫਿਆ ਬਿਆਨ ਦਿੱਤਾ ਜਾਵੇ ਕਿ ਉਨ੍ਹਾਂ ਵਲੋਂ ਸ਼ਿਕਾਇਤਕਰਤਾ ਨੂੰ ਦਿੱਤੀ ਗਈ ਸੂਚਨਾ ਰਿਕਾਰਡ ਮੁਤਾਬਿਕ ਸਹੀ ਹੈ, ਪਰ ਉਨ੍ਹਾਂ ਵਲੋਂ ਅਜੇ ਤੱਕ ਲੋੜੀਂਦਾ ਹਲਫਿਆ ਬਿਆਨ ਪੇਸ਼ ਨਹੀਂ ਕੀਤਾ ਗਿਆ ਜਦੋਂ ਕਿ ਹਾਜ਼ਰ ਨੁਮਾਇੰਦੇ ਦੇ ਦਸੱਣ ਅਨੁਸਾਰ ਕਮਿਸ਼ਨ ਦੇ ਹੁੱਕਮਾਂ ਤੋਂ ਪੱਤਰ ਨੰ: 129/ਆਰ.ਟੀ.ਆਈ. ਮਿਤੀ ਮਾਨਸਾ 03-10-2019 ਰਾਹੀਂ ਮਾਨਸਾ, ਸਰਦੂਲਗੜ੍ਹ ਅਤੇ ਬੁਢਲਾਡਾ ਵਲੋਂ ਹਲਫਿਆ ਬਿਆਨ ਦਾਇਰ ਕਰਨ ਸਬੰਧੀ ਸਹਾਇਕ ਪਬਲਿਕ ਸੂਚਨਾ ਅਫਸਰ ਕਮ ਜਿਲ੍ਹਾ ਮਾਲ ਅਫਸਰ, ਮਾਨਸਾ ਵਲੋਂ ਐਸ.ਡੀ.ਐਮ. ਮਾਨਸਾ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ। ਇਸ ਤਰ੍ਹਾਂ ਤਿੰਨ ਪੇਸ਼ੀਆਂ ਉਪਰੰਤ ਵੀ ਅਜੇ ਤੱਕ ਲੋੜੀਂਦਾ ਹਲਫਿਆ ਬਿਆਨ ਪੇਸ਼ ਨਹੀਂ ਕੀਤਾ ਗਿਆ। ਜਿਸ ਤੋਂ ਸਪਸ਼ੱਟ ਹੈ ਕਿ ਸਬੰਧਤ ਅਧਿਕਾਰੀਆਂ ਵਲੋਂ ਆਰ.ਟੀ.ਆਈ.ਐਕਟ 2005 ਦੀ ਪਾਲਣਾ ਨਹੀਂ ਕੀਤੀ ਜਾ ਰਹੀ ਜਿਸਨੂੰ ਕਮਿਸ਼ਨ ਵਲੋਂ ਗੰਭੀਰਤਾ ਨਾਲ ਲਿਆ ਗਿਆ ਹੈ। ਇਸ ਲਈ ਸ੍ਰੀ ਆਦਿਤਿਆ ਡੇਚਲਵਾਲ, ਐਸ.ਡੀ.ਐਮ. ਬੁ੍ਢਲਾਡਾ, ਸ੍ਰੀ ਰਾਜਪਾਲ ਸਿੰਘ, ਐਸ.ਡੀ.ਐਮ. ਸਰਦੂਲਗੜ੍ਹ ਅਤੇ ਸ੍ਰੀਮਤੀ ਸਰਬਜੀਤ ਕੋਰ, ਐਸ.ਡੀ.ਐਮ. ਮਾਨਸਾ ਨੂੰ ਸੂਚਨਾ ਦਾ ਅਧਿਕਾਰ ਐਕਟ,2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਉਨ੍ਹਾਂ ਵਲੋਂ ਅਜੇ ਤੱਕ ਲੋੜੀਂਦਾ ਹਲਫਿਆ ਬਿਆਨ ਕਿਉਂ ਨਹੀਂ ਦਿੱਤਾ ਗਿਆ । ਇਸ ਲਈ ਕਿਉਂ ਨਾ ਉਨ੍ਹਾਂ ਨੂੰ ਸ਼ਿਕਾਇਤਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਸ਼ਿਕਾਇਤਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ। ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜੋ ਤਹਿਤ ਸਬੰਧਤ ਅਧਿਕਾਰੀ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਅਤੇ ਪਹਿਲਾਂ ਮੰਗਿਆ ਗਿਆ ਹਲਫਿਆ ਬਿਆਨ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਨਹੀਂ ਕਹਿਣਾ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ। ਇਸ ਹਦਾਇਤ ਨਾਲ ਇਹ ਸ਼ਿਕਾਇਤ ਕੇਸ **ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 18 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਕਾਪੀ: 1. ਸ੍ਰੀ ਆਦਿਤਿਆ ਡੇਚਲਵਾਲ, ਐਸ.ਡੀ.ਐਮ. ਬੁ੍ਢਲਾਡਾ,
2. ਸ੍ਰੀ ਰਾਜਪਾਲ ਸਿੰਘ, ਐਸ.ਡੀ.ਐਮ. ਸਰਦੂਲਗੜ੍ਹ
3. ਸ੍ਰੀਮਤੀ ਸਰਬਜੀਤ ਕੋਰ, ਐਸ.ਡੀ.ਐਮ. ਮਾਨਸਾ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਤਿੰਦਰ ਕੁਮਾਰ ਖੈਰਾ ( 78373-82058)
ਮਕਾਨ ਨੰ: 524, ਸੈਕਟਰ 7, ਪੰਚਕੁਲਾ 134109 --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਿਪਟੀ ਕਮਿਸ਼ਨਰ -ਕਮ-
ਕਲੈਕਟਰ ਐਗਰੇਰੀਅਨ, ਸੰਗਰੂਰ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ:718 /2019**

**ਹਾਜ਼ਰ:-**

1) ਸ਼ਿਕਾਇਤਕਰਤਾ ਸ੍ਰੀ ਸਤਿੰਦਰ ਕੁਮਾਰ ਖੈਰਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਮੇਸ਼ ਸਿੰਘ, ਕਲਰਕ

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 29-03-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਡਿਪਟੀ ਕਮਿਸ਼ਨਰ -ਕਮ-ਕਲੈਕਟਰ ਐਗਰੇਰੀਅਨ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬ ਲੈਂਡ ਐਕਟ 1972 ਅਧੀਨ ਸਾਲ 1973 ਤੋਂ ਹੁਣ ਤੱਕ ਸਬ ਡਵੀਜਨ ਅਫਸਰ ( ਪਹਿਲਾਂ ਕੁਲੈਕਟਰ ਐਗਰੇਰੀਅਨ ) ਵਲੋਂ ਯੋਗ ਵਿਅਕਤੀਆਂ ਨੂੰ ਸਰਪਲਸ ਜਮੀਨ ਵੰਡਨ ਸਬੰਧੀ 8 ਨੁਕਤਿਆਂ ਤੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ 08-08-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-09-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 01-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਇਸ ਉਪਰੰਤ ਅਗਲੀ ਮਿਤੀ 17-10-2019, ਮਿਤੀ 06-11-2019 ਨੂੰ ਹੋਈ ਕਾਰਵਾਈ ਉਪਰੰਤ ਅਗਲੀ ਮਿਤੀ 02-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ 02-12-2019 ਨੂੰ ਸ਼ਿਕਾਇਤਕਰਤਾ ਸ੍ਰੀ ਸਤਿੰਦਰ ਕੁਮਾਰ ਖੈਰਾ ਪੇਸ਼ੀ ਤੇ ਹਾਜ਼ਰ ਹੋਇਆ ।ਉਸ ਵਲੋਂ ਦਸਿਆ ਗਿਆ ਕਿ ਅੱਜੇ ਤੱਕ ਸਹੀ ਅਤੇ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਰਾਜਿੰਦਰ ਸਿੰਘ, ਕਲਰਕ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਨੂੰ ਲਿਸਟਾਂ ਚੈਕ ਕਰਵਾ ਦਿੱਤੀਆਂ ਗਈਆਂ ਹਨ।ਉਸ ਵਲੋਂ ਅਡੰਟੀਫਾਈ ਕੀਤੀਆਂ ਕਾਪੀਆਂ ਤਸਦੀਕ ਕਰਕੇ ਦੇ ਦਿੱਤੀਆਂ ਜਾਣਗੀਆਂ। ਦੋਨਾਂ ਧਿਰਾਂ ਹਾਜ਼ਰ ਹੋਈਆਂ, ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਸ਼ਿਕਾਇਤਕਰਤਾ ਦੇ ਸਾਹਮਣੇ ਕਮਿਸ਼ਨ ਨੂੰ ਦਸਿਆ ਗਿਆ ਕਿ ਲਿਸਟਾਂ ਚੈਕ ਕਰਵਾ ਲਈਆਂ ਗਈਆਂ ਹਨ ਅਤੇ ਉਸ ਵਲੋਂ ਅਡੰਟੀਫਾਈ ਕੀਤੀਆਂ ਕਾਪੀਆਂ ਤਸਦੀਕ ਕਰਕੇ ਦੇ ਦਿੱਤੀਆਂ ਜਾਣਗੀਆਂ। ਇਸ ਲਈ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਇਹ ਕੇਸ ਅਗਲੀ ਸੁਣਵਾਈ ਲਈ 18-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

3. ਸ਼ਿਕਾਇਤਕਰਤਾ ਅੱਜ ਪੇਸੀ ਤੇ ਹਾਜ਼ਰ ਹੋਇਆ, ਉਸ ਵਲੋ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ ਅਤੇ ਉਹ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ।

4. ਉੱਤਰਦਾਤਾ ਵਲੋ਼ ਸ੍ਰੀ ਰਮੇਸ਼ ਸਿੰਘ, ਕਲਰਕ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: 415 ਮਿਤੀ 17-12-2019 ਪੇਸ਼ ਕੀਤਾ ਗਿਆ ਜ਼ੋ ਸ਼ਿਕਾਇਤਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਭੇਜਿਆ ਗਿਆ ਹੈ। ਜਿਸ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਦੇ 253 ਪੰਨੇ ਦੇ ਦਿੱਤੇ ਗਏ ਹਨ।

5. ਦੋਨਾਂ ਧਿਰਾਂ ਅੱਜ ਪੇਸ਼ੀ ਤੇ ਹਾਜ਼ਰ ਹੋਈਆਂ, ਉੱਤਰਦਾਤਾ ਵਲੋਂ ਉਕਤ ਦਰਸਾਇਆ ਪੱਤਰ ਪੇਸ਼ ਕੀਤਾ ਗਿਆ ਜਿਸ ਰਾਹੀਂ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਸ਼ਿਕਾਇਤਕਰਤਾ ਪ੍ਰਾਪਤ ਕੀਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 18 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਤਜਿੰਦਰ ਸਿੰਘ, ਮੋ: 94171-30413
ਐਮ.ਸੀ.ਬੀ. 06933, ਗਲੀ ਨੰ: 7,
ਹਜ਼ੂਰਾ ਕਪੂਰਾ ਕਲੋਨੀ, ਬਠਿੰਡਾ - 151001 --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ ਤਕਨੀਕੀ ਸਿੱਖਿਆ ਅਤੇ
ਤਕਨੀਕੀ ਸਿਖਲਾਈ ਵਿਭਾਗ, ਪੰਜਾਬ, ਸੈਕਟਰ 36 ਏ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਵਧੀਕ ਡਾਇਰੈਕਟਰ, ਦਫਤਰ ਤਕਨੀਕੀ ਸਿੱਖਿਆ ਅਤੇ
ਤਕਨੀਕੀ ਸਿਖਲਾਈ ਵਿਭਾਗ, ਪੰਜਾਬ, ਸੈਕਟਰ 36 ਏ, ਚੰਡੀਗੜ੍ਹ ----------ਉੱਤਰਦਾਤਾ

**ਅਪੀਲਕੇਸ ਨੰ: 3723/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਦੇਵ ਸਿੰਘ, ਸੀਨੀਅਰ ਸਹਾਇਕ (8699707240)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-03-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ ਤਕਨੀਕੀ ਸਿੱਖਿਆ ਅਤੇ ਤਕਨੀਕੀ ਸਿਖਲਾਈ ਵਿਭਾਗ, ਪੰਜਾਬ, ਸੈਕਟਰ 36 ਏ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਅਲੈਕਟਰੋਨਿਕਸ ਤੇ ਕੋਮਨਿਕੇਸ਼ਨ ਵਿਭਾਗ ਵਿਚ ਲੈਕਚਰਾਰ ਦੀ ਆਸਾਮੀ ਦੀ ਐਸ.ਸੀ.ਕੈਟਾਗਰੀ ਦੀ ਮੈਰਿਟ ਲਿਸਟ ਮਿਤੀ 21-11-2017 ਨਾਲ ਸਬੰਧਤ 07 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 06-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 03-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 03-12-2019 ਤੇ ਅਪੀਲਕਰਤਾ ਸ੍ਰੀ ਤਜਿੰਦਰ ਸਿੰਘ ਅਤੇ ਸ੍ਰੀ ਹਰਜੀਤ ਸਿੰਘ ਪੇਸ਼ੀ ਤੇ ਹਾਜ਼ਰ ਹੋਏ। ਉਨ੍ਹਾਂ ਵਲੋਂ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਰਬੀਰ ਸਿੰਘ, ਸੀਨੀਅਰ ਸਹਾਇਕ ਅਤੇ ਸ੍ਰੀ ਬਲਦੇਵ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਏ। ਉਨ੍ਹਾਂ ਵਲੋਂ ਪੱਤਰ ਨੰ: 597/ਆਰ.ਟੀ.ਆਈ. ਮਿਤੀ 26-11-2019 ਪੇਸ਼ ਕੀਤਾ ਗਿਆ ਜਿਸ ਮੁਤਾਬਿਕ ਇਹ ਆਰ.ਟੀ.ਆਈ. ਅਰਜੀ ਉਨ੍ਹਾਂ ਨੂੰ ਮਿਤੀ 14-05-2019 ਨੂੰ ਟਰਾਂਸਫਰ ਹੋ ਕੇ ਆਈ ਸੀ। ਇਸ ਲਈ ਉਨ੍ਹਾਂ ਵਲੋਂ ਆਪਣੇ ਵਿਭਾਗ ਦਾ ਪੱਤਰ ਨੰ: 15/14/2019-2ਤਸਿ2/16142122/1 ਮਿਤੀ 02-12-2019 ਪੇਸ਼ ਕੀਤਾ ਗਿਆ। ਜਿਸ ਉਪਰੰਤ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਦੇਵ ਸਿੰਘ, ਸੀਨੀਅਰ ਸਹਾਇਕ ਦਫਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ (ਤਕਨੀਕੀ ਸਿੱਖਿਆ-2 ਸ਼ਾਖਾ) ਹਾਜਰ ਹੋਇਆ। ਉਸ ਵਲੋਂ ਪੱਤਰ ਨੰ: 15/14/2019-2ਤਸਿ2/1614553/1 ਮਿਤੀ 03-12-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉੱਤਾਰਾ ਕਮਿਸਨ ਨੂੰ ਕੀਤਾ ਗਿਆ ਹੈ। ਮਿਸਲ ਤੇ ਰੱਖ ਲਿਆ ਗਿਆ ਹੈ।

5. ਉਤਰਦਾਤਾ ਵਲੋਂ ਪੇਸ਼ ਕੀਤੇ ਗਏ ਉੱਕਤ ਪੱਤਰ ਮਿਤੀ 03-12-2019 ਰਾਹੀਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਦੇ 16 ਪੰਨਿਆਂ ਦੀ ਸੂਚਨਾ ਦਸਤੀ ਮੁਹੱਈਆ ਕਰਵਾ ਦਿੱਤੀ ਗਈ ਹੈ, ਜ਼ੋ ਉਸ ਵਲੋਂ ਮਿਤੀ 03-12-2019 ਨੂੰ ਪ੍ਰਾਪਤ ਕਰ ਲਈ ਗਈ ਹੈ(ਪੱਤਰ ਤੇ ਪ੍ਰਾਪਤੀ ਰਸੀਦ ਪੇਸ਼ ਕੀਤੀ ਗਈ )।ਇਸ ਤਰ੍ਹਾਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ, ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ ਕੀਤਾ** ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 18-12-2019 **ਰਾਜ ਸੂਚਨਾ ਕਮਿਸ਼ਨਰ, ਪੰਜਾਬ।**